SERVIZIO SANITARIO REGIONALE
EMILIA-ROMAGNA
Azienda Unità Sanitaria Locale di Reggio Emilia
IRCCS Istituto in tecnologie avanzate e modelli assistenziali in oncologia

# ਕੋਲੋਨੋਸਕੋਪੀ ਲਈ ਤਿਆਰੀ

**ਆਂਦਰ ਦੀ ਜਾਂਚ ਕਰਨ, ਉਸਨੂੰ ਦੇਖਣ, ਅਤੇ ਲੋੜ ਪੈਣ ਤੇ ਕਿਸੇ ਫੋੜੇ ਜਾਂ ਪੌਲਿਪ ਨੂੰ ਹਟਾਉਣ ਲਈ ਆਂਦਰ ਦੀ ਸਫਾਈ ਕਰਨਾ ਬਹੁਤ ਜ਼ਰੂਰੀ ਹੈ।**

ਟੈਸਟ ਦੀ ਤਿਆਰੀ ਦੇ ਦੌਰਾਨ ਅਤੇ ਟੈਸਟ ਵਾਲੇ ਦਿਨ **ਤੁਸੀਂ ਆਪਣਾ ਮੌਜੂਦਾ ਇਲਾਜ** (ਤੁਹਾਡੇ ਦਿਲ, ਸਾਹ, ਬਲੱਡ ਪ੍ਰੈਸ਼ਰ, ਲਹੂ ਪ੍ਰਵਾਹ, ਪਲੇਟਿਲੈਟ ਰੋਧਕ ਆਦਿ ਦੀਆਂ ਦਵਾਈਆਂ) **ਜਾਰੀ ਰੱਖ ਸਕਦੇ ਹੋ; ਪਰ ਦਵਾਈਆਂ ਤੁਹਾਡੀ ਐਂਡੋਸਕੋਪਿਕ ਜਾਂਚ ਸ਼ੁਰੂ ਹੋਣ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲੇ ਲੈ ਲੈਣੀਆਂ ਜ਼ਰੂਰੀ ਹੈ।**

**ਸਿਰਫ ਲਹੂ ਦਾ ਜੰਮਣਾ ਰੋਕਣ ਵਾਲੀਆਂ ਦਵਾਈਆਂ (Coumadin, Sintrom, ਲਹੂ ਦਾ ਜੰਮਣਾ ਰੋਕਣ ਵਾਲੀਆਂ ਨਵੀਂਆਂ ਮੂੰਹ ਰਾਹੀਂ ਲੈਣ ਵਾਲੀਆਂ ਦਵਾਈਆਂ ਆਦਿ) ਨੂੰ ਰੋਕਣਾ ਜਾਂ ਸੋਧ ਕਰਨਾ ਜ਼ਰੂਰੀ ਹੈ। ਅਜਿਹਾ <u>ਰੈਫਰੈਂਸ ਸੈਂਟਰ</u> (ਆਮ ਤੌਰ ਤੇ ਹੀਮੋਸਟੈਸਿਸ ਸੈਂਟਰ) <u>ਦੀਆਂ ਹਦਾਇਤਾਂ ਮੁਤਾਬਕ</u> ਕਰਨਾ ਜ਼ਰੂਰੀ ਹੈ ਜਿਸ ਨਾਲ ਮਰੀਜ਼ ਨੂੰ ਟੈਸਟ ਤੋਂ ਪਹਿਲਾਂ ਸੰਪਰਕ ਜ਼ਰੂਰ ਕਰਨਾ ਚਾਹੀਦਾ ਹੈ।**

ਦਵਾਈ ਦੇ ਖਾਸ ਤੌਰ ਤੇ ਤਿਆਰ ਕੀਤੇ ਘੋਲ ਦੇ ਇਲਾਵਾ ਹੋਰ ਕਿਸੇ ਕਿਸਮ ਦੇ ਜੁਲਾਬ ਨੂੰ ਲੈਣ ਦੀ ਲੋੜ ਨਹੀਂ ਹੈ।

## ਆਂਦਰਾਂ ਦੀ ਸਫਾਈ ਲਈ ਆਮ ਸਿਫਾਰਸ਼ਾਂ

1. **ਬੀਜਾਂ ਵਾਲੇ ਫੱਲ** (ਜਿਵੇਂ ਕੀਵੀ, ਸਟ੍ਰਾਬੇਰੀ, ਅੰਗੂਰ, ਤਰਬੂਜ਼) **ਅਤੇ ਸਬਜ਼ੀਆਂ** (ਜਿਵੇਂ, ਟਮਾਟਰ, ਸਲਾਦ, ਪੇਠਾ ਆਦਿ) **ਟੈਸਟ ਤੋਂ ਘੱਟੋ-ਘੱਟ 3 ਦਿਨ ਪਹਿਲਾਂ ਤੋਂ ਖਾਣਾ ਬੰਦ ਕਰ ਦਿਓ** ਕਿਉਂਕਿ ਇਹਨਾਂ ਨਾਲ ਟੈਸਟ ਕਰਨਾ ਮੁਸ਼ਕਲ ਹੋ ਸਕਦਾ ਹੈ।
2. **ਟੈਸਟ ਤੋਂ ਇੱਕ ਦਿਨ ਪਹਿਲਾਂ ਹਲਕਾ ਖਾਣਾ** (ਜਿਵੇਂ, ਸੂਪ, ਮੀਟ ਦਾ ਸ਼ੋਰਬਾ ਆਦਿ) **ਖਾਓ।**
3. **ਖਾਸ ਤੌਰ ਤੇ ਸਫਾਈ ਲਈ ਤਿਆਰ ਕੀਤੇ ਮਿਸ਼ਰਣ ਦੇ ਘੋਲ ਨੂੰ ਲੈਣ ਦੇ ਦੌਰਾਨ ਅਤੇ ਟੈਸਟ ਲਈ ਅਪਾਇੰਟਮੈਂਟ ਤੋਂ ਦੋ ਘੰਟੇ ਪਹਿਲਾਂ** ਤਕ ਤੁਸੀਂ **ਪਾਣੀ, ਚਾਹ, ਕੈਮੋਮਾਇਲ (ਚੀਨੀ ਵਾਲੇ, ਜੇ ਤੁਸੀਂ ਚਾਹੋ), ਪੀ ਸਕਦੇ ਹੋ। ਇਹ ਘੋਲ ਲੈਣਾ ਸ਼ੁਰੂ ਕਰਨ ਦੇ ਬਾਅਦ ਤੁਹਾਨੂੰ ਕੁਝ ਖਾਣਾ ਨਹੀਂ ਚਾਹੀਦਾ।**
   ਇਹ ਘੋਲ ਪੀਣ ਲੱਗਿਆਂ **ਜੀ ਕੱਚਾ ਹੋਣਾ ਜਾਂ ਬੇਅਰਾਮੀ ਮਹਿਸੂਸ ਹੋਣਾ** ਸਧਾਰਨ ਗੱਲ ਹੈ ਅਤੇ ਇਹ ਚਿੰਤਾ ਦਾ ਕਾਰਨ ਨਹੀਂ ਹੋਣੇ ਚਾਹੀਦੇ। ਤੁਹਾਨੂੰ ਇਹ ਘੋਲ ਜ਼ਿਆਦਾ ਹੌਲੀ ਪੀਣਾ ਚਾਹੀਦਾ ਹੈ (ਜੇ ਇਸਨੂੰ ਫ੍ਰਿਜ ਵਿੱਚ ਰੱਖਿਆ ਜਾਏ ਤਾਂ ਜ਼ਿਆਦਾ ਚੰਗਾ ਲਗ ਸਕਦਾ ਹੈ) ਅਤੇ ਤੁਸੀਂ ਇਸ ਨੂੰ ਪੀਣ ਵਾਲੀਆਂ ਦੂਜੀਆਂ ਚੀਜ਼ਾਂ (ਚਾਹ, ਕੈਮਮੋਮਾਇਲ ਆਦਿ) ਨਾਲ ਮਿਲਾ ਕੇ ਇਸਦਾ ਸੁਆਦ ਜ਼ਿਆਦਾ ਚੰਗਾ ਬਣਾ ਸਕਦੇ ਹੋ।

   ਜੇ ਲੱਛਣ ਗੰਭੀਰ ਹੋਣ ਤਾਂ ਆਪਣੇ ਡਾਕਟਰ ਨਾਲ ਸੰਪਰਕ ਕਰੋ।
4. **ਟੈਸਟ ਨੂੰ ਸਹੀ ਤਰੀਕੇ ਨਾਲ ਕਰਨ ਲਈ ਜ਼ਰੂਰੀ ਹੈ ਕਿ ਸਾਰੇ ਘੋਲ ਨੂੰ ਹਦਾਇਤਾਂ ਮੁਤਾਬਕ ਪੀਤਾ ਜਾਏ;** ਅਧੂਰਾ ਘੋਲ ਪੀਣ ਨਾਲ ਕੋਲੋਨੋਸਕੋਪੀ ਦੇ ਨਤੀਜੇ ਸਹੀ ਨਹੀਂ ਨਿਕਲਦੇ ਅਤੇ ਟੈਸਟ ਨੂੰ ਦੁਹਰਾਉਣ ਦੀ ਲੋੜ ਪੈ ਸਕਦੀ ਹੈ।
5. ਕੋਲੋਨੋਸਕੋਪੀ ਹੋਣ ਤੋਂ 2 ਤੋਂ 4 ਘੰਟੇ ਪਹਿਲਾਂ ਪੂਰਾ ਘੋਲ ਪੀ ਲੈਣਾ ਜ਼ਰੂਰੀ ਹੈ।
6. ਜੇ ਤੁਸੀਂ ਸਾਰਾ ਘੋਲ ਪੀ ਲਿਆ ਹੈ ਪਰ ਟੱਟੀ ਹਲਕੇ/ਪੀਲੇ ਰੰਗ ਦੀ ਅਤੇ ਪਤਲੀ ਨਹੀਂ ਹੈ ਤਾਂ ਤੁਸੀਂ ਹੋਰ ਘੋਲ ਪੀ ਸਕਦੇ ਹੋ, ਜਾਂ ਘੱਟੋ ਘੱਟ ਪਾਰਦਰਸ਼ੀ ਤਰਲ (ਸਾਦਾ ਪਾਣੀ, ਚਾਹ, ਕੈਮੋਮਾਇਲ) ਹੋਰ ਪੀ ਸਕਦੇ ਹੋ।

**ਉਪਲੱਬਧ ਮਿਸ਼ਰਣ**

- ਬਹੁਤ ਘੱਟ ਕੁੱਲ ਮਾਤਰਾ ਵਾਲਾ ਮਿਸ਼ਰਣ: **PLENVU** (PEG ਅਤੇ ਐਸਕੌਰਬਿਕ ਐਸਿਡ ਤੇ ਅਧਾਰਤ)
- ਘੱਟ ਕੁੱਲ ਮਾਤਰਾ ਵਾਲੇ ਮਿਸ਼ਰਣ: **CLENSIA** (PEG ਅਤੇ ਸਿਟਰਿਕ ਐਸਿਡ ਤੇ ਅਧਾਰਤ), **MOVIPREP** (PEG ਅਤੇ ਐਸਕੌਰਬਿਕ ਐਸਿਡ ਤੇ ਅਧਾਰਤ)
- ਵੱਡੀ ਕੁੱਲ ਮਾਤਰਾ ਵਾਲੇ ਮਿਸ਼ਰਣ: **SELG ESSE** (ਪੌਲੀਐਥੀਲੀਨਗਲਾਈਕੋਲ-PEG ਅਤੇ ਸੋਡਿਅਮ ਸਲਫੇਟ ਤੇ ਅਧਾਰਤ)

**ਜ਼ਰੂਰੀ ਨੋਟ:**

- **PLENVU, CLENSIA ਅਤੇ MOVIPREP ਦੀ ਸਿਫਾਰਸ਼ ਕਬਜ਼ੀ ਦੇ ਸ਼ਿਕਾਰ** (ਹਫਤੇ ਵਿੱਚ ਤਿੰਨ ਤੋਂ ਘੱਟ ਵਾਰੀ ਟੱਟੀ ਆਉਣੀ) **ਮਰੀਜ਼ਾਂ ਲਈ ਨਹੀਂ ਕੀਤੀ ਜਾਂਦੀ ਹੈ**
- **PLENVU ਅਤੇ MOVIPREP ਦੀ ਸਿਫਾਰਸ਼ ਫਿਨਾਇਲਕਿਟੋਨੂਰਿਆ ਵਾਲੇ ਮਰੀਜ਼ਾਂ ਅਤੇ ਗਲੂਕੋਜ਼-6-ਫੌਸਫੇਟ ਡੀਹਾਈਡ੍ਰੋਜਿਨੇਜ਼ ਦੀ** ਘਾਟ ਵਾਲੇ ਮਰੀਜ਼ਾਂ ਲਈ ਨਹੀਂ ਕੀਤੀ ਜਾਂਦੀ ਹੈ।
- **ਦਿਲ ਜਾਂ ਗੁਰਦੇ ਦੀ ਗੰਭੀਰ ਬਿਮਾਰੀ** ਵਾਲੇ ਮਰੀਜ਼ਾਂ ਲਈ ਜ਼ਰੂਰੀ ਹੈ ਕਿ **ਉਹ ਆਪਣੇ ਰੈਫਰੇਂਸ ਵਿਸ਼ੇਸ਼ੱਗ ਨਾਲ ਸਲਾਹ ਕਰਨ** (ਇਲੈਕਟ੍ਰੋਲਾਈਟ ਸੰਤੁਲਨ ਵਿੱਚ ਤਬਦੀਲੀ ਤੋਂ ਬਚਾਅ ਲਈ)।

## PLENVU

**ਮਿਸ਼ਰਣ ਨੂੰ ਕਿਵੇਂ ਲਿਆ ਜਾਏ**

- ਖੁਰਾਕ **1** ਨੂੰ ਅੱਧੇ ਲੀਟਰ ਪਾਣੀ ਵਿੱਚ ਘੋਲ ਕੇ ਅੱਧੇ ਘੰਟੇ ਦੇ ਅੰਦਰ ਪੀਓ ਅਤੇ ਫੇਰ ਅੱਧਾ ਲੀਟਰ ਪਾਣੀ ਪੀਓ।
- **ਖੁਰਾਕ 2A+2B** ਨੂੰ ਅੱਧੇ ਲੀਟਰ ਪਾਣੀ ਵਿੱਚ ਘੋਲ ਕੇ ਪੀਓ ਅਤੇ ਫੇਰ ਅੱਧਾ ਲੀਟਰ ਪਾਣੀ ਪੀਓ।

**ਮਿਸ਼ਰਣ ਨੂੰ ਕਦੋਂ ਲਿਆ ਜਾਏ:**

| **ਕੋਲੋਨੋਸਕੋਪੀ ਦਾ ਸਮਾਂ** | **ਟੈਸਟ ਤੋਂ ਪਹਿਲਾਂ ਵਾਲੀ ਸ਼ਾਮ** | **ਟੈਸਟ ਵਾਲੀ ਸਵੇਰ** |
|---|---|---|
| **8** ਵਜੇ ਸਵੇਰੇ **– 2** ਵਜੇ ਦੁਪ.ਬਾ. | **7 ਵਜੇ ਤੋਂ 8 ਵਜੇ ਸ਼ਾਮ: ਖੁਰਾਕ 1** ਨੂੰ ਅੱਧੇ ਲੀਟਰ ਪਾਣੀ ਵਿੱਚ ਘੋਲ ਕੇ 30 ਮਿੰਟਾਂ ਦੇ ਅੰਦਰ ਪੀਓ ਅਤੇ ਫੇਰ ਅੱਧਾ ਲੀਟਰ ਪਾਣੀ ਪੀਓ। | **5.30 ਵਜੇ ਤੋਂ 6.30 ਵਜੇ ਸਵੇਰੇ: ਖੁਰਾਕ 2A+2B** ਨੂੰ ਅੱਧੇ ਲੀਟਰ ਪਾਣੀ ਵਿੱਚ ਘੋਲ ਕੇ 30 ਮਿੰਟਾਂ ਦੇ ਅੰਦਰ ਪੀਓ (ਖੁਰਾਕ 2A ਅਤੇ ਖੁਰਾਕ 2B ਨੂੰ ਇਕੱਠੇ ਅੱਧੇ ਲੀਟਰ ਪਾਣੀ ਵਿੱਚ ਘੋਲੋ) ਅਤੇ ਫੇਰ ਇੱਕ ਲੀਟਰ ਪਾਣੀ ਪੀਓ। |
| **2 ਵਜੇ ਦੁਪ.ਬਾ. ਦੇ ਬਾਅਦ** | | **7 ਵਜੇ ਸਵੇਰੇ: ਖੁਰਾਕ 1** ਨੂੰ ਅੱਧੇ ਲੀਟਰ ਪਾਣੀ ਵਿੱਚ ਘੋਲ ਕੇ 30 ਮਿੰਟਾਂ ਦੇ ਅੰਦਰ ਪੀਓ ਅਤੇ ਫੇਰ ਅੱਧਾ ਲੀਟਰ ਪਾਣੀ ਪੀਓ।<br>**8 ਵਜੇ ਸਵੇਰੇ: ਖੁਰਾਕ 2A+2B** ਨੂੰ ਅੱਧੇ ਲੀਟਰ ਪਾਣੀ ਵਿੱਚ ਘੋਲ ਕੇ 30 ਮਿੰਟਾਂ ਦੇ ਅੰਦਰ ਪੀਓ (ਖੁਰਾਕ 2A ਅਤੇ ਖੁਰਾਕ 2B ਨੂੰ ਇਕੱਠੇ ਅੱਧੇ ਲੀਟਰ ਪਾਣੀ ਵਿੱਚ ਘੋਲੋ) ਅਤੇ ਫੇਰ ਇੱਕ ਲੀਟਰ ਪਾਣੀ ਪੀਓ। |

ਨੋਟ: **ਖੁਰਾਕਾਂ ਦਾ ਕ੍ਰਮ ਉਲਟਾ ਨਾ ਕਰੋ;** ਪਹਿਲਾਂ ਖੁਰਾਕ 1 ਲਓ ਅਤੇ ਫੇਰ ਖੁਰਾਕ Dose 2A+2B.

## CLENSIA ਅਤੇ MOVIPREP

**ਮਿਸ਼ਰਣ ਨੂੰ ਕਿਵੇਂ ਲਿਆ ਜਾਏ**

**CLENSIA:** ਪੈਕਿਟ ਵਿੱਚ **4 ਵੱਡੀਆਂ A ਥੈਲੀਆਂ ਅਤੇ 4 ਛੋਟੀਆਂ B ਥੈਲੀਆਂ** ਹੁੰਦੀਆਂ ਹਨ।
**1 ਲੀਟਰ ਘੋਲ ਤਿਆਰ ਕਰਨ ਲਈ 2 A ਥੈਲੀਆਂ ਅਤੇ 2 B ਛੋਟੀਆਂ ਥੈਲੀਆਂ 1 ਲੀਟਰ ਪਾਣੀ ਵਿੱਚ ਘੋਲੋ।** ਇਸ ਘੋਲ ਨੂੰ ਕੋਲੋਨੋਸਕੋਪੀ ਦੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਚਾਰਟ ਵਿੱਚ ਦੱਸੇ ਮੁਤਾਬਕ ਪੀਓ।

**MOVIPREP:** ਪੈਕਿਟ ਵਿੱਚ **2 ਪਾਰਦਰਸ਼ੀ ਥੈਲੀਆਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਹਰੇਕ ਵਿੱਚ 1 ਵੱਡੀ A ਥੈਲੀ ਅਤੇ ਇੱਕ ਛੋਟੀ B ਥੈਲੀ ਹੁੰਦੀ ਹੈ।**
**1 ਲੀਟਰ ਘੋਲ ਤਿਆਰ ਕਰਨ ਲਈ ਇੱਕ A ਥੈਲੀ ਅਤੇ ਇੱਕ B ਛੋਟੀ ਥੈਲੀ 1 ਲੀਟਰ ਪਾਣੀ ਵਿੱਚ ਘੋਲੋ** (ਜਦ ਤਕ ਪੂਰੀ ਤਰ੍ਹਾਂ ਘੁਲ ਨਾ ਜਾਏ ਅਤੇ ਪਾਰਦਰਸ਼ੀ ਘੋਲ ਨਾ ਬਣ ਜਾਏ)। ਇਸ ਘੋਲ ਨੂੰ ਕੋਲੋਨੋਸਕੋਪੀ ਦੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਚਾਰਟ ਵਿੱਚ ਦੱਸੇ ਮੁਤਾਬਕ ਪੀਓ।

**ਮਿਸ਼ਰਣ ਨੂੰ ਕਦੋਂ ਲਿਆ ਜਾਏ:**

| **ਕੋਲੋਨੋਸਕੋਪੀ ਦਾ ਸਮਾਂ** | **ਟੈਸਟ ਤੋਂ ਪਹਿਲਾਂ ਵਾਲੀ ਸ਼ਾਮ** | **ਟੈਸਟ ਵਾਲੀ ਸਵੇਰ** |
|---|---|---|
| **8.00-10.00** | **8 ਤੋਂ 9 ਵਜੇ ਸ਼ਾਮ: 1 ਲੀਟਰ ਘੋਲ ਪੀਓ** ਅਤੇ ਉਸਦੇ ਬਾਅਦ ਅੱਧਾ ਲੀਟਰ ਪਾਣੀ ਪੀਓ | **5.30 ਤੋਂ 6.30 ਵਜੇ ਸਵੇਰੇ: 1 ਲੀਟਰ ਘੋਲ ਪੀਓ** ਅਤੇ ਉਸਦੇ ਬਾਅਦ ਅੱਧਾ ਲੀਟਰ ਪਾਣੀ ਪੀਓ |
| **10 ਵਜੇ ਸਵੇਰੇ – 2 ਵਜੇ ਦੁਪ.ਬਾ.** | **8 ਤੋਂ 9 ਵਜੇ ਸ਼ਾਮ: 1 ਲੀਟਰ ਘੋਲ ਪੀਓ** ਅਤੇ ਉਸਦੇ ਬਾਅਦ ਅੱਧਾ ਲੀਟਰ ਪਾਣੀ ਪੀਓ | **6 ਤੋਂ 7 ਵਜੇ ਸਵੇਰੇ: 1 ਲੀਟਰ ਘੋਲ ਪੀਓ** ਅਤੇ ਉਸਦੇ ਬਾਅਦ ਅੱਧਾ ਲੀਟਰ ਪਾਣੀ ਪੀਓ |
| **ਦੁਪ. 2 ਵਜੇ ਦੇ ਬਾਅਦ** | | **8 ਤੋਂ 10 ਵਜੇ ਸਵੇਰੇ: 2 ਲੀਟਰ ਘੋਲ ਪੀਓ** ਅਤੇ ਉਸਦੇ ਬਾਅਦ ਇੱਕ ਲੀਟਰ ਪਾਣੀ ਪੀਓ |

## SELG ESSE

**ਮਿਸ਼ਰਣ ਨੂੰ ਕਿਵੇਂ ਲਿਆ ਜਾਏ**

- SELG ਦੀਆਂ 4 ਥੈਲੀਆਂ ਵਿਚੋਂ ਹਰੇਕ ਨੂੰ 1 ਲੀਟਰ ਗੈਰ-ਕਾਰਬੋਨੇਟ ਕੀਤੇ ਪਾਣੀ ਜਾਂ ਪਾਰਦਰਸ਼ੀ ਤਰਲਾਂ (ਕੁਲ 4 ਲੀਟਰ) ਵਿੱਚ ਘੋਲੋ।

**ਮਿਸ਼ਰਣ ਨੂੰ ਕਦੋਂ ਲਿਆ ਜਾਏ:**

| **ਕੋਲੋਨੋਸਕੋਪੀ ਦਾ ਸਮਾਂ** | **ਟੈਸਟ ਤੋਂ ਪਹਿਲਾਂ ਵਾਲੀ ਸ਼ਾਮ** | **ਟੈਸਟ ਵਾਲੀ ਸਵੇਰ** |
|---|---|---|
| **8.00-10.00** | 3 ਲੀਟਰ ਘੋਲ 7 ਤੋਂ 10 ਵਜੇ ਸ਼ਾਮ | 1 ਲੀਟਰ ਘੋਲ 5.30 ਤੋਂ 6.30 ਵਜੇ ਸਵੇਰੇ |
| **10 ਵਜੇ ਸਵੇਰੇ – 2 ਵਜੇ ਦੁਪ.ਬਾ.** | 2 ਲੀਟਰ ਘੋਲ 7 ਤੋਂ 9 ਵਜੇ ਸ਼ਾਮ | 2 ਲੀਟਰ ਘੋਲ 5.30 ਤੋਂ 7.30 ਵਜੇ ਸਵੇਰੇ |
| **ਦੁਪ. 2 ਵਜੇ ਦੇ ਬਾਅਦ** | | 4 ਲੀਟਰ ਘੋਲ 7 ਤੋਂ 11 ਵਜੇ ਸਵੇਰੇ |